T.P.M

ਅ.ਸ.ਪੱ.ਨੰ.ਪ੍ਰ.ਸ.ਸਿ./2014/

**Sarvesh Kaushal**
**ਸਰਵੇਸ਼ ਕੌਸ਼ਲ**

GOVT. OF PUNJAB

**Chief Secretary to Govt. of Punjab**
Chandigarh - 160 001
**ਮੁੱਖ ਸਕੱਤਰ, ਪੰਜਾਬ ਸਰਕਾਰ**
ਚੰਡੀਗੜ੍ਹ - 160 001

Phone/ਫੋਨ : 0172-2740156, 2740860
Fax/ਫੈਕਸ : 2742488
Email : cs@punjab.gov.in

ਮਿਤੀ, ਚੰਡੀਗੜ੍ਹ:

ਵਿਸ਼ਾ: **ਸਿਗਰਟ ਅਤੇ ਹੋਰ ਤੰਬਾਕੂ ਉਤਪਾਦਾਂ (Cigarettes and other Tobacco Products) COTPA 2003 ਐਕਟ, ਫੂਡ ਸੇਫਟੀ ਅਤੇ ਸਟੈਂਡਰਡਸ ਐਕਟ ਅਧੀਨ ਗੁਟਖਾ ਬੈਨ ਅਤੇ ਡਰੱਗ ਅਤੇ ਕੌਸਮੈਟਿਕ ਐਕਟ ਅਧੀਨ ਨਿਕੋਟੀਨ ਇੰਨ ਕੈਮੀਕਲ ਫਾਰਮ ਜਿਵੇਂ ਕਿ ਈ-ਸਿਗਰੇਟ ਤੇ ਪਾਬੰਦੀ ਨੂੰ ਸਖਤੀ ਨਾਲ ਲਾਗੂ ਕਰਨ ਬਾਰੇ।**

ਮੇਰੇ ਪਿਆਰੇ

ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਤੰਬਾਕੂ ਦਾ ਸੇਵਨ ਸਿਹਤ ਲਈ ਹਾਨੀਕਾਰਕ ਹੈ। ਇਸ ਦੇ ਸੇਵਨ ਨਾਲ ਕੈਂਸਰ ਅਤੇ Cardiovascular (ਦਿਲ ਦੇ ਰੋਗ) ਵਰਗੀਆਂ ਗੰਭੀਰ ਬਿਮਾਰੀਆਂ ਹੋ ਸਕਦੀਆਂ ਹਨ। ਤੰਬਾਕੂ ਕਾਰਣ ਹੋਣ ਵਾਲੀਆਂ ਬਿਮਾਰੀਆਂ ਨਾਲ ਭਾਰਤ ਵਿੱਚ ਹਰ ਸਾਲ 12 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਜਾਂਦੀ ਹੈ। ਪੰਜਾਬ ਰਾਜ ਵਿੱਚ ਤਕਰੀਬਨ 12% ਲੋਕ ਤੰਬਾਕੂ ਦਾ ਸੇਵਨ ਕਰਦੇ ਹਨ। ਆਮ ਜਨਤਾ ਨੂੰ ਤੰਬਾਕੂ ਪਦਾਰਥਾਂ ਦੀ ਵਰਤੋਂ ਨਾਲ ਹੋਣ ਵਾਲੇ ਮਾੜੇ-ਪ੍ਰਭਾਵਾਂ ਤੋਂ ਬਚਾਉਣ ਲਈ ਭਾਰਤ ਸਰਕਾਰ ਨੇ COTPA 2003 ਐਕਟ ਲਾਗੂ ਕੀਤਾ ਹੈ।ਪੰਜਾਬ ਸਰਕਾਰ ਨੇ ਵੀ COTPA 2003 ਨੂੰ ਲਾਗੂ ਕਰਨ ਵਿੱਚ ਵਧੇਰੇ ਯੋਗਦਾਨ ਪਾਇਆ ਹੈ। ਪੀ.ਜੀ.ਆਈ. ਦੀ ਕੰਪਲਾਈਸ ਸਟੱਡੀ ਦੇ ਅਧਾਰ ਤੇ ਪੰਜਾਬ ਰਾਜ ਵਿੱਚ 18 ਜ਼ਿਲ੍ਹਿਆਂ ਨੂੰ "ਤੰਬਾਕੂ ਧੂੰਆ ਰਹਿਤ" ਘੋਸ਼ਿਤ ਕੀਤਾ ਜਾ ਚੁੱਕਾ ਹੈ । ਇਸ ਦੇ ਚਲਦੇ ਬਾਕੀ ਰਹਿੰਦੇ ਜ਼ਿਲ੍ਹਿਆਂ ਨੂੰ ਵੀ ਜਲਦ ਹੀ "ਤੰਬਾਕੂ ਧੂੰਆ ਰਹਿਤ" ਘੋਸ਼ਿਤ ਕਰ ਦਿੱਤਾ ਜਾਵੇਗਾ। ਤੰਬਾਕੂ ਧੂੰਆਂ ਰਹਿਤ ਸਟੇਟਸ ਨੂੰ ਬਰਕਰਾਰ ਰੱਖਣ ਲਈ ਲਗਾਤਾਰ ਯਤਨ ਕਰਨ ਦੀ ਲੋੜ ਹੈ।

ਹੋਟਲ, ਰੈਸਤਰਾਂ, ਢਾਬੇ ਅਤੇ ਹੋਰ ਵਪਾਰਕ ਸੰਸਥਾਵਾਂ ਵਿਚ ਵੀ ਪੰਜਾਬ ਸਰਕਾਰ ਵੱਲੋਂ COTPA 2003 ਦੀ ਪਾਲਣਾ ਨੂੰ ਲਾਗੂ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਦੀ ਪਾਲਣਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਦਾ ਲਾਇਸੈਂਸ ਵੀ ਰੱਦ ਕੀਤਾ ਜਾ ਸਕਦਾ ਹੈ।

ਫੂਡ ਸੇਫਟੀ ਅਤੇ ਸਟੈਂਡਰਡਸ ਐਕਟ ਅਧੀਨ ਪੰਜਾਬ ਸਰਕਾਰ ਵੱਲੋ ਗੁਟਖਾ ਅਤੇ ਹੋਰ ਖਾਣ ਵਾਲੀਆਂ ਚੀਜਾਂ ਜਿਨ੍ਹਾਂ ਵਿੱਚ ਨਿਕੋਟੀਨ/ਤੰਬਾਕੂ ਆਦਿ ਹੁੰਦਾ ਹੈ ਉਸਤੇ ਵੀ ਪਾਬੰਦੀ ਲਗਾਈ ਗਈ ਹੈ। ਡਰੱਗ ਅਤੇ ਕੌਸਮੈਟਿਕ ਐਕਟ ਅਧੀਨ ਨਿਕੋਟੀਨ ਇੰਨ ਕੈਮੀਕਲ ਫਾਰਮ ਜਿਵੇਂ ਕਿ ਈ-ਸਿਗਰੇਟ ਤੇ ਵੀ ਪਾਬੰਦੀ ਹੈ।

ਕੋਟਪਾ, 2003 ਐਕਟ ਤਹਿਤ ਹੇਠ ਲਿਖੇ ਅਨੁਸਾਰ ਦੰਡ ਦੀ ਵਿਵਸਥਾ ਹੈ :-

| ਕੋਟਪਾ ਦੀ ਧਾਰਾ | ਦੰਡ (ਜੁਰਮਾਨਾ, ਕੈਦ ਜਾਂ ਦੋਨੋਂ) |
|---|---|
| ਧਾਰਾ 4: ਜਨਤਕ ਸਥਾਨਾਂ ਤੇ ਤੰਬਾਕੂਨੋਸ਼ੀ ਤੇ ਰੋਕ | 1. ਅਪਰਾਧੀ ਦੇ ਲਈ: 200/- ਰੁਪਏ ਤੱਕ<br>2.ਜਗ੍ਹਾ ਦੇ ਮਾਲਕ/ਸਵਾਮੀ, ਪ੍ਰਬੰਧਕ ਦੇ ਲਈ:ਜਨਤਕ ਸਥਾਨਾਂ ਵਿੱਚ ਗੁਨਾਹਗਾਰਾਂ ਦੀ ਗਿਣਤੀ ਤੇ ਬਰਾਬਰ ਦਾ ਜ਼ੁਰਮਾਨਾ। |
| ਧਾਰਾ 5: ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦਾਂ ਦੇ ਇਸ਼ਤਿਹਾਰ ਤੇ ਰੋਕ | 1. ਪਹਿਲਾ ਗੁਨਾਹ: 2 ਸਾਲ/1000/- ਰੁਪਏ<br>2. ਦੂਸਰਾ ਗੁਨਾਹ: 5 ਸਾਲ/5000/- ਰੁਪਏ |

ਚਲਦਾ...2

| | |
|---|---|
| **ਧਾਰਾ 6:** 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਅਤੇ ਕਿਸੀ ਸਿੱਖਿਅਕ ਅਦਾਰੇ ਦੇ 100 ਗਜ਼ ਦੀ ਹੱਦ ਵਿੱਚ ਸਿਗਰੇਟ ਜਾਂ ਹੋਰ ਤੰਬਾਕੂ ਉਤਪਾਦਾਂ ਦੀ ਵਿਕਰੀ ਤੇ ਰੋਕ। | 200/- ਰੁਪਏ ਤੱਕ |
| **ਧਾਰਾ 7, 8 ਅਤੇ 9:** ਬਿਨਾਂ ਸਿਹਤ ਚੇਤਾਵਨੀਆਂ ਦੇ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦਾਂ ਦੀ ਵਿਕਰੀ ਤੇ ਰੋਕ। | 1. ਪਹਿਲਾ ਗੁਨਾਹ: 2 ਸਾਲ/5000/- ਰੁਪਏ<br>ਦੂਸਰਾ ਗੁਨਾਹ: 5 ਸਾਲ/10000/- ਰੁਪਏ<br>2. ਵਿਕਰੀ/ਥੋਕ<br>ਪਹਿਲਾ ਗੁਨਾਹ : 1 ਸਾਲ/1000/- ਰੁਪਏ<br>ਦੂਸਰਾ ਗੁਨਾਹ : 2 ਸਾਲ/3000/- ਰੁਪਏ |

ਕੋਟਪਾ ਐਕਟ ਅਧੀਨ ਆਈ.ਈ.ਸੀ. ਅਤੇ ਚਲਾਨ ਗਤੀਵਿਧੀਆਂ ਦੀ ਮਹੀਨਾਵਾਰ ਰਿਪੋਰਟਾਂ ਤੋ ਪਤਾ ਚਲਦਾ ਹੈ ਕਿ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਤੋਂ ਇਲਾਵਾ ਹੋਰ ਵਿਭਾਗਾਂ ਵੱਲੋਂ ਇਸ ਵਿੱਚ ਬਹੁਤਾ ਯੋਗਦਾਨ ਨਹੀ ਪਾਇਆ ਜਾ ਰਿਹਾ ਹੈ। ਪੁਲਿਸ, ਸਿੱਖਿਆ, ਸਥਾਨਕ ਸਰਕਾਰਾਂ, ਟਰਾਂਸਪੋਰਟ, ਆਬਕਾਰੀ ਤੇ ਕਰ ਆਦਿ ਵਿਭਾਗਾਂ ਨੂੰ ਵੀ ਕੋਟਪਾ ਐਕਟ ਨੂੰ ਸਖਤੀ ਨਾਲ ਲਾਗੂ ਕਰਨ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਜਿਲ੍ਹਾ ਪੱਧਰ ਅਤੇ ਸਟੇਟ ਪੱਧਰ ਦੇ ਸਾਰੇ ਵਿਭਾਗਾਂ ਦੇ ਮੁੱਖੀਆਂ ਨੂੰ ਨੱਥੀ ਪ੍ਰੋਫਾਰਮੇ ਅਨੁਸਾਰ ਕੋਟਪਾ ਦੀ ਮੋਨੀਟਰਿੰਗ ਕਰਨੀ ਚਾਹੀਦੀ ਹੈ। ਐਸ.ਐਸ.ਐਲ.ਸੀ.ਸੀ. ਨੋਟੀਫਿਕੇਸ਼ਨ ਅਤੇ ਲਾਇਸੈਂਸ ਰੱਦ ਕਰਨ ਸਬੰਧੀ ਸਰਕੂਲਰ ਦੀ ਇੱਕ-ਇੱਕ ਕਾਪੀ ਵੀ ਨਾਲ ਨੱਥੀ ਕੀਤੀ ਜਾਂਦੀ ਹੈ।

ਸਮੂਹ ਡਿਪਟੀ ਕਮਿਨਸ਼ਨਰਾਂ ਵੱਲੋ **"ਪਰਮਾਨੈਂਟ ਡਿਸਟ੍ਰਿਕ ਲੇਵਲ ਟਾਸਕ ਫੋਰਸ"** ਦੀ ਤਰਜ਼ ਤੇ **"ਬਲਾਕ ਲੈਵਲ ਟਾਸਕ ਫੋਰਸ"** ਵੀ ਬਣਾਈ ਜਾਵੇ ਤਾਂ ਜੋ ਤੰਬਾਕੂ ਅਤੇ ਨਿਕੋਟੀਨ ਦੀ ਦੁਰਵਰਤੋਂ ਨੂੰ ਰੋਕਿਆ ਜਾ ਸਕੇ।

ਮੈਂ ਆਸ ਕਰਦਾ ਹਾਂ ਕਿ ਤੁਸੀਂ ਸਾਰੇ ਇਸ ਐਕਟ ਦੀ ਸਖ਼ਤੀ ਨਾਲ ਪਾਲਣਾ ਕਰਵਾਉਣੀ ਯਕੀਨੀ ਬਣਾਉਗੇ ਅਤੇ ਮੈਂ ਨਿਜੀ ਤੌਰ ਤੇ ਜਲਦ ਹੋਣ ਵਾਲੀ ਅਗਲੀ **"ਸਟੇਟ ਲੈਵਲ ਕੋਆਰਡੀਨੇਸ਼ਨ ਕਮੇਟੀ"** (SLCC) ਦੀ ਮੀਟਿੰਗ ਵਿੱਚ ਸਮੂਹ ਵਿਭਾਗਾਂ ਦੀ ਜਿਲ੍ਹਾਵਾਰ ਰਿਪੋਰਟਾਂ ਨੂੰ ਰੀਵਿਊ ਕਰਾਂਗਾ।

ਹਿੱਤੂ,

ਸਹੀ/-

(ਸਰਵੇਸ਼ ਕੌਸ਼ਲ)

ਸਮੂਹ ਡਿਪਟੀ ਕਮਿਸ਼ਨਰਜ,
ਪੰਜਾਬ ਰਾਜ।

ਪਿੱਠ ਅੰਕਣ ਨੰ:ਪ੍ਰ.ਸ.ਸਿ./2014/ 3746 ਮਿਤੀ, ਚੰਡੀਗੜ੍ਹ: 14-11-14

ਇਸ ਦਾ ਇੱਕ ਉਤਾਰਾ ਸਹਿਪੱਤਰਾਂ ਦੀ ਕਾਪੀ ਸਮੇਤ ਪੰਜਾਬ ਰਾਜ ਦੇ ਸਮੂਹ ਪੁਲਿਸ ਕਮਿਸ਼ਨਰਾਂ ਅਤੇ ਸਮੂਹ ਸੀਨੀਅਰ ਪੁਲਿਸ ਕਪਤਾਨਾਂ ਨੂੰ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਮੁੱਖ ਸਕੱਤਰ